BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਵਿੱਚ ਛੇ ਨਵੇਂ ਮੈਂਬਰਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (30 ਮਾਰਚ, 2022) – ਹਰ ਸਾਲ, ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ (ਬੀ.ਐਸ.ਐਚ.ਐਫ.) (Brampton Sports Hall of Fame) (BSHF) ਉਹਨਾਂ ਵਿਅਕਤੀਆਂ ਦੀਆਂ ਉਪਲਬਧੀਆਂ ਦਾ ਜਸ਼ਨ ਮਨਾਉਂਦਾ ਹੈ, ਜਿਹਨਾਂ ਨੇ ਬ੍ਰੈਂਪਟਨ ਵਿੱਚ ਸਪੋਰਟਸ ਦੇ ਵਿਕਾਸ ਵਿੱਚ ਸ਼ਾਨਦਾਰ ਯੋਗਦਾਨ ਦਿੱਤਾ ਹੈ। 2022 ਵਿੱਚ, ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ, ਸਪੋਰਟਸ ਵਿੱਚ ਉੱਤਮਤਾ ਲਈ ਸ਼ਾਮਲ ਹੋਣ ਵਾਲੇ ਛੇ ਨਵੇਂ ਮੈਂਬਰਾਂ ਦਾ ਸੁਆਗਤ ਕਰਦਾ ਹੈ।

**ਫ੍ਰੈਂਕ ਫਾਸ਼ੀਆ (Frank Fascia)** ਨੂੰ, ਬੇਸਬਾਲ ਵਿੱਚ ਉਹਨਾਂ ਦੇ ਸਮਰਪਣ ਵਾਸਤੇ ਬਿਲਡਰ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ। ਉਹਨਾਂ ਨੇ 1983 ਵਿੱਚ ਬ੍ਰੈਂਪਟਨ ਵਿੱਚ ਮਾਈਨਰ ਬੇਸਬਾਲ ਖੇਡਣਾ ਸ਼ੁਰੂ ਕੀਤਾ ਅਤੇ ਉਹ ਐਨ.ਸੀ.ਏ.ਏ. (NCAA) ਵਿੱਚ ਖੇਡਣ ਗਏ ਸਨ। ਉਹ, 1991 ਵਿੱਚ ਬ੍ਰੈਂਪਟਨ ਸੀਨੀਅਰ ਟਵਿਨਸ (Brampton Senior Twins) ਦੇ ਸੰਸਥਾਪਕ ਮੈਂਬਰ ਸਨ, 2007 ਵਿੱਚ ਬ੍ਰੈਂਪਟਨ ਮਾਈਨਰ ਬੇਸਬਾਲ ਇੰਕ. (Brampton Minor Baseball Inc.) ਦੇ ਕੋਚ ਸਨ ਅਤੇ ਉਹਨਾਂ ਨੇ ਸੀ.ਓ.ਬੀ.ਏ. (COBA) ਅਤੇ ਬੇਸਬਾਲ ਓਨਟੈਰੀਓ (Baseball Ontario) ਦੇ ਨਾਲ ਕਈ ਤਰ੍ਹਾਂ ਦੀਆਂ ਪੋਜੀਸ਼ਨਾਂ ਤੇ ਸੇਵਾ ਦਿੱਤੀ ਹੈ। 2022 ਵਿੱਚ, ਸ਼ੈਰੀਡਨ ਕਾਲੇਜ (Sheridan College) ਵਿਖੇ ਸ਼ੁਰੂਆਤੀ ਬੇਸਬਾਲ ਟੀਮ ਦੇ ਹੈੱਡ ਕੋਚ ਲਈ ਉਹਨਾਂ ਦਾ ਨਾਮ ਦਿੱਤਾ ਗਿਆ ਸੀ।

**ਪ੍ਰੈਮਨੌਥ (ਪ੍ਰੈਮ) ਪਰਸੌਡ (Praimnauth (Praim) Persaud)** ਨੂੰ, ਕ੍ਰਿਕੇਟ ਵਿੱਚ ਉਹਨਾਂ ਦੇ ਸਮਰਪਣ ਲਈ ਬਿਲਡਰ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਪੂਰਵ ਕ੍ਰਿਕੇਟ ਖਿਡਾਰੀ ਅਤੇ ਐਡਮਿਨਿਸਟ੍ਰੇਟਿਵ ਨੂੰ, ਪਿਛਲੇ 35 ਸਾਲਾਂ ਤੋਂ ਓਨਟੈਰੀਓ ਵਿੱਚ ਉਹਨਾਂ ਦੀ ਸ਼ਮੂਲੀਅਤ ਤੋਂ ਪਹਿਲਾਂ, 10 ਸਾਲ ਤੱਕ ਕਿਊਬੇਕ (Quebec) ਵਿੱਚ ਵਾਧੇ ਅਤੇ ਵਿਕਾਸ ਵਿੱਚ ਉਹਨਾਂ ਦੀ ਸੇਵਾਂ ਦੇ 45 ਸਾਲਾਂ ਲਈ, 2020 ਵਿੱਚ ਯੂਨਾਈਟੇਡ ਸਟੇਟਸ ਆਫ ਅਮੇਰਿਕਾ ਕ੍ਰਿਕੇਟ ਹਾਲ ਆਫ ਫੇਮ (United States of America Cricket Hall of Fame) ਵਿੱਚ ਸ਼ਾਮਲ ਕੀਤਾ ਗਿਆ ਸੀ। ਉਹਨਾਂ ਨੇ, ਬ੍ਰੈਂਪਟਨ ਵਿੱਚ ਕ੍ਰਿਕੇਟ ਦੇ ਵਾਧੇ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ, ਜਿਸ ਨਾਲ ਕ੍ਰਿਕੇਟ ਦਾ ਵਿਸਤਾਰ, ਸਿਰਫ ਪੰਜ ਸਾਲਾਂ ਵਿੱਚ ਹੀ 15 ਕਲੱਬਾਂ ਤੋਂ ਵਧ ਕੇ 62 ਤੱਕ ਹੋ ਗਿਆ।

**ਪੈਟ ਓ' ਟੂਲ (Pat O'Toole)** ਨੂੰ, ਲੈਕਰੋਸ ਵਿੱਚ ਉਹਨਾਂ ਦੇ ਸਮਰਪਣ ਲਈ ਐਥਲੀਟ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ। ਉਹ 1998 ਤੋਂ ਬ੍ਰੈਂਪਟਨ ਵਿੱਚ ਰਹਿ ਰਹੇ ਹਨ। ਉਹਨਾਂ ਨੂੰ ਮਾਈਨਰ, ਮੇਜਰ ਅਤੇ ਇੰਟਰਨੈਸ਼ਨਲ ਲੈਵਲਾਂ ਤੇ, ਬੌਕਸ ਅਤੇ ਫੀਲਡ ਲੈਕਰੋਸ, ਦੋਵਾਂ ਵਿੱਚ ਖਿਡਾਰੀ ਅਤੇ ਕੋਚ ਵਜੋਂ ਉਹਨਾਂ ਦੀਆਂ ਉਪਲਬਧੀਆਂ ਲਈ ਸਨਮਾਨਿਤ ਕੀਤਾ ਗਿਆ ਹੈ। ਉਹਨਾਂ ਨੇ ਰੋਚੈਸਟਰ ਨਾਈਟਹੌਕਸ (Rochester Knighthawks) ਦੇ ਨਾਲ ਉਹਨਾਂ ਦੇ 16 ਸੀਜਨਾਂ ਵਿੱਚੋਂ 12 ਖੇਡੇ, ਜਿਸਦੇ ਨਾਲ ਉਹ ਸਹਾਇਕ ਕੋਚ ਵਜੋਂ ਅਜੇ ਵੀ ਐਕਟਿਵ ਹਨ। ਉਹ ਬ੍ਰੈਂਪਟਨ ਮਾਈਨਰ ਲੈਕਰੋਸ ਐਸੋਸੀਏਸ਼ਨ (Brampton Minor Lacrosse Association) ਦੇ ਪੂਰਵ ਪ੍ਰੈਜੀਡੈਂਟ ਵੀ ਹਨ।

**ਟਮਾਰਾ ਟਾਥਮ (Tamara Tatham)** ਨੂੰ, ਬਾਸਕੇਟਬਾਲ ਵਿੱਚ ਉਹਨਾਂ ਦੇ ਸਮਰਪਣ ਲਈ ਐਥਲੀਟ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ। ਉਹਨਾਂ ਦੇ ਅੰਤਰਰਾਸ਼ਟਰੀ ਤੌਰ ਤੇ ਖੇਡਣ ਦੇ ਕੈਰੀਅਰ ਵਿੱਚ ਸ਼ਾਮਲ ਹਨ, 2007 ਵਿੱਚ ਸ਼ੁਰੂਆਤ ਕਰਕੇ, ਕੈਨੇਡਾ ਦੀ ਨੁਮਾਇੰਦਗੀ ਕਰਦੇ ਹੋਏ 164 ਗੇਮਸ, ਜਿਹਨਾਂ ਵਿੱਚੋਂ 157 ਸੀਨੀਅਰ ਲੈਵਲ ਤੇ ਹਨ। ਉਹਨਾਂ ਨੇ 2015 ਐਫ.ਆਈ.ਬੀ.ਏ. ਅਮੇਰਿਕਾ (2015 FIBA America) ਦੇ ਕਵਾਲੀਫਾਇੰਗ ਟੂਰਨਾਮੈਂਟ ਅਤੇ 2015 ਪੈਨ ਐਮ ਗੇਮਸ (2015 Pan Am Games) ਵਿੱਚ ਗੋਲਡ ਮੈਡਲ ਜਿੱਤਿਆ। ਉਹ 2012 ਅਤੇ 2016 ਦੇ ਓਲੰਪਿਕਸ (Olympics) ਵਿੱਚ ਵੀ ਖੇਡੀ ਅਤੇ ਵਿਦੇਸ਼ ਵਿੱਚ ਕਈ ਖਿਤਾਬ ਹਾਸਲ ਕੀਤੇ ਹਨ। ਰਿਟਾਇਰ ਹੋਣ ਤੋਂ ਬਾਅਦ, ਉਹਨਾਂ ਨੇ ਕਈ ਟੀਮਾਂ ਲਈ ਕੋਚ ਵਜੋਂ ਸੇਵਾ ਦਿੱਤੀ।

**ਦੇਵ ਸ਼ਰਮਾ (Dev Sharma)** ਨੂੰ, ਟਰੈਕ ਅਤੇ ਫੀਲਡ ਵਿੱਚ ਉਹਨਾਂ ਦੇ ਸਮਰਪਣ ਲਈ, ਵੈਟਰਨ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ। ਉਹਨਾਂ ਨੇ ਕਈ ਮੈਡਲ ਜਿੱਤੇ ਹਨ, 2015 ਵਿੱਚ 80 ਸਾਲ ਦਾ ਹੋਣ ਤੋਂ ਬਾਅਦ ਵੀ। 1988 ਤੋਂ 2016 ਤੱਕ, ਉਹਨਾਂ ਨੇ ਕੈਨੇਡਿਅਨ ਮਾਸਟਰਸ ਐਥਲੈਟਿਕਸ ਇਨਡੋਰ ਐਂਡ ਆਊਟਡੋਰ ਚੈਂਪਿਅਨਸ਼ਿਪਸ (Canadian Masters Athletics Indoor and Outdoor Championships) ਅਤੇ ਓਨਟੈਰੀਓ ਮਾਸਟਰਸ ਐਥਲੈਟਿਕਸ ਇਨਡੋਰ ਐਂਡ ਆਊਟਡੋਰ ਚੈਂਪਿਅਨਸ਼ਿਪਸ (Ontario Masters Athletics Indoors and Outdoor Championships) ਵਿੱਚ ਮੈਡਲ ਜਿੱਤਣ ਸਮੇਤ, 203 ਮੈਡਲ ਇਕੱਠੇ ਕੀਤੇ। ਉਹਨਾਂ ਨੇ ਬ੍ਰੈਂਪਟਨ ਵਿੱਚ 2016 ਦੀਆਂ ਕੈਨੇਡਾ 55+ ਗੇਮਸ (Canada 55+ Games) ਅਤੇ ਬ੍ਰੈਂਪਟਨ ਡਿਸਟ੍ਰਿਕਟ 55+ ਗੇਮਸ (Brampton District 55+ Games) ਵਿੱਚ, ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਮੈਡਲ ਜਿੱਤੇ।

**ਵਾੱਲੀ ਸਲੋਕੀ (Wally Slocki)** ਨੂੰ, ਮਾਰਸ਼ਲ ਆਰਟਸ ਵਿੱਚ ਉਹਨਾਂ ਦੇ ਸਮਰਪਣ ਲਈ, ਵੈਟਰਨ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ। ਉਹ ਬੈਲਕ ਬੈਲਟ ਹਨ ਅਤੇ ਉਹਨਾਂ ਨੇ ਪ੍ਰਤੀਭਾਗੀ ਵਜੋਂ ਕਈ ਟ੍ਰੌਫੀਆਂ ਜਿੱਤੀਆਂ ਹਨ। ਉਹਨਾਂ ਨੂੰ ਅਮਰੀਕਾ (United States) ਵਿੱਚ ਹਰ ਜਗ੍ਹਾ, ਟੂਰਨਾਮੈਂਟਾਂ ਵਿੱਚ "ਲੈਜੈਂਡਰੀ ਕੈਨੇਡਿਅਨ" ("Legendary Canadian") ਵਜੋਂ ਸਨਮਾਨਿਤ ਕੀਤਾ ਜਾਂਦਾ ਸੀ। ਉਹਨਾਂ ਨੇ, 1967, 1968 ਅਤੇ 1970 ਵਿੱਚ ਕੈਨੇਡਿਅਨ ਚੈਂਪਿਅਨਸ਼ਿਪ ਅਤੇ 1972, 1973 ਅਤੇ 1974 ਵਿੱਚ ਓਨਟੈਰੀਓ ਚੈਂਪਿਅਨਸ਼ਿਪ ਜਿੱਤੀ ਸੀ। ਸਲੋਕੀ ਨੂੰ ਸਿਖਾਉਣ ਦਾ ਬੇਹੱਦ ਸ਼ੌਕ ਹੈ ਅਤੇ 1960 ਦੇ ਅੰਤ ਵਿੱਚ ਉਹਨਾਂ ਨੇ, ਡਾਉਨਟਾਉਨ ਬ੍ਰੈਂਪਟਨ ਵਿੱਚ ਈਸਟਰਨ ਕਰਾਟੇ (Eastern Karate) ਖੋਲ੍ਹਿਆ ਸੀ, ਜਿਸਦਾ ਬਾਅਦ ਵਿੱਚ ਵਿਸਤਾਰ ਹੋ ਗਿਆ ਅਤੇ ਉਸਨੂੰ ਕੈਨੇਡਿਅਨ ਸਕੂਲ ਆਫ ਹੈਲਥ ਐਂਡ ਸੈਲਫ ਡਿਫੈਂਸ (Canadian School of Health and Self Defense) ਵਜੋਂ ਜਾਣਿਆ ਜਾਂਦਾ ਹੈ। ਉਹਨਾਂ ਨੇ ਅਨੁਕੂਲਿਤ ਕਾਰਪੋਰੇਟ ਮੈਨੇਜਮੈਂਟ ਸੈਮੀਨਾਰਾਂ ਵਿੱਚ ਸਿੱਖਿਅਤ ਕਰਨਾ ਅਤੇ ਸਿਖਾਉਣਾ ਜਾਰੀ ਰੱਖਿਆ ਹੋਇਆ ਹੈ।

ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਅਤੇ ਇਸ ਸਾਲ ਦੇ ਸ਼ਾਮਲ ਹੋਣ ਵਾਲੇ ਮੈਂਬਰਾਂ ਬਾਰੇ ਹੋਰ ਜਾਣਨ ਲਈ, www.brampton.ca/bshf ਤੇ ਜਾਓ।

ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਦੀ ਸਥਾਪਨਾ 1979 ਵਿੱਚ, ਖੇਡ ਦੇ ਪ੍ਰਤੀ ਸਮਰਪਿਤ ਅਤੇ ਇਸਦੇ ਸ਼ੌਕੀਨ ਵਿਅਕਤੀਆਂ ਦੇ ਇੱਕ ਸਮੂਹ ਦੁਆਰਾ, ਸਿਟੀ ਆਫ ਬ੍ਰੈਂਪਟਨ ਦੇ ਨਾਲ ਮਿਲ ਕੇ ਕੀਤੀ ਗਈ ਸੀ। ਇਹ 7575 ਕੈਨੇਡੀ ਰੋਡ ਸਾਊਥ (7575 Kennedy Road South) ਤੇ ਸੀ.ਏ.ਏ. ਸੈਂਟਰ (CAA Centre) ਵਿੱਚ ਸਥਿਤ ਹੈ।

2022 ਦਾ ਇੰਡਕਸ਼ਨ ਸਮਾਰੋਹ

41ਵਾਂ ਸਾਲਾਨਾ ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਇੰਡਕਸ਼ਨ ਸਮਾਰੋਹ, ਮੰਗਲਵਾਰ, 3 ਮਈ ਨੂੰ ਸ਼ਾਮ 6 ਵਜੇ, ਦ ਰੋਜ਼ ਬ੍ਰੈਂਪਟਨ (The Rose Brampton) ਵਿਖੇ ਹੋਵੇਗਾ। ਇਸ ਵਿੱਚ ਸਪੋਰਟਸਨੈੱਟ ਸੈਂਟਰਲ (Sportsnet Central) ਅਤੇ ਸਪੋਰਟਸਨੈੱਟ 590 ਦ ਫੈਨ (Sportsnet 590 The FAN) ਦੇ ਕੇਨ ਰੀਡ (Ken Reid) ਮੁੱਖ ਸਪੀਕਰ ਹੋਣਗੇ। ਟਿਕਟ ਦੀ ਕੀਮਤ 55 ਡਾਲਰ ਹੈ ਅਤੇ ਇਸਨੂੰ www.rosetheatre.ca ਤੇ ਖਰੀਦਿਆ ਜਾ ਸਕਦਾ ਹੈ।

2023 ਦੇ ਨਾਮਾਂਕਣ

ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ, ਜਿਸਨੇ ਸਾਡੇ ਸ਼ਹਿਰ ਵਿੱਚ ਖੇਡਾਂ ਵਿੱਚ ਕੋਈ ਸ਼ਾਨਦਾਰ ਯੋਗਦਾਨ ਦਿੱਤਾ ਹੈ? 2022 ਦਾ ਨਾਮਾਂਕਣ ਫਾਰਮ ਡਾਊਨਲੋਡ ਕਰੋ! ਨਾਮਾਂਕਣ 15 ਜੂਨ, 2022 ਤੱਕ ਸਵੀਕਾਰ ਕੀਤੇ ਜਾਣਗੇ।

**ਹਵਾਲੇ**

“2022 ਦੇ ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਕਲਾਸ ਨੂੰ ਵਧਾਈ ਹੋਵੇ! ਇਸ ਸਾਲ ਦੇ ਸ਼ਾਮਲ ਹੋਣ ਵਾਲੇ ਮੈਂਬਰਾਂ ਨੇ, ਲੀਡਰਸ਼ਿਪ ਅਤੇ ਸੰਚਾਲਨ ਦਰਸਾਉਂਦੇ ਹੋਏ, ਸਾਡੀ ਕਮਿਊਨਿਟੀ ਵਿੱਚ ਸਪੋਰਟਸ ਵਿੱਚ ਸ਼ਾਨਦਾਰ ਯੋਗਦਾਨ ਦਿੱਤੇ ਹਨ ਅਤੇ ਉਪਲਬਧੀਆਂ ਹਾਸਲ ਕੀਤੀਆਂ ਹਨ। ਸਾਨੂੰ ਮਾਣ ਹੈ ਕਿ ਇਹ ਮੈਂਬਰ, ਬ੍ਰੈਂਪਟਨ ਨੂੰ ਆਪਣਾ ਘਰ ਆਖਦੇ ਹਨ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“**ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ**, ਸਾਡੇ ਸ਼ਹਿਰ ਵਿੱਚ ਸਪੋਰਟਸ ਦੇ ਅਤੀਤ, ਵਰਤਮਾਨ ਅਤੇ ਭਵਿੱਖ ਨੂੰ ਸਨਮਾਨ ਦਿੰਦਾ ਹੈ। 2022 ਦੇ ਸ਼ਾਮਲ ਹੋਣ ਵਾਲੇ ਮੈਂਬਰ ਖਾਸ ਲੀਡਰ ਹਨ, ਜਿਹਨਾਂ ਨੇ ਆਪਣੇ ਸਪੋਰਟਸ ਕੈਰੀਅਰਾਂ ਦੇ ਦੁਆਰਾ, ਬ੍ਰੈਂਪਟਨ ਨੂੰ ਸਨਮਾਨਿਤ ਅਤੇ ਪ੍ਰੇਰਿਤ ਕੀਤਾ ਹੈ। ਮੈਂ, ਸਾਡੀ ਕਮਿਊਨਿਟੀ ਵਿੱਚ ਸਪੋਰਟਸ ਦਾ ਜਸ਼ਨ ਮਨਾਉਣ ਲਈ, ਹਰ ਕਿਸੇ ਨੂੰ 3 ਮਈ ਨੂੰ ਇਸ ਸਾਲ ਦੇ ਵਿਅਕਤੀਗਤ ਇੰਡਕਸ਼ਨ ਸਮਾਰੋਹ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦਾ ਹਾਂ।”

- *ਜੈਫ ਬੋਮੈਨ (Jeff Bowman), ਸਿਟੀ ਕਾਉਂਸਲਰ, ਵਾਰਡਸ 3 ਅਤੇ 4; ਮੈਂਬਰ, ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਕਮੇਟੀ, ਸਿਟੀ ਆਫ ਬ੍ਰੈਂਪਟਨ*

“ਅਸੀਂ, 2022 ਦੇ **ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ** ਵਿੱਚ ਸ਼ਾਮਲ ਵਾਲੇ ਮੈਂਬਰਾਂ ਦਾ ਐਲਾਨ ਕਰਨ ਲਈ ਉਤਸ਼ਾਹਿਤ ਹਾਂ। ਛੇ ਨਵੇਂ ਮੈਂਬਰ ਅਜਿਹੇ ਵਿਅਕਤੀ ਹਨ, ਜਿਹਨਾਂ ਨੇ ਸਾਡੀ ਕਮਿਊਨਿਟੀ ਵਿੱਚ ਸਪੋਰਟਸ ਨੂੰ ਅੱਗੇ ਲਿਜਾਣ ਵਿੱਚ ਵਚਨਬੱਧਤਾ ਨਿਭਾਈ ਹੈ। ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ, ਜਿਸਨੇ ਬ੍ਰੈਂਪਟਨ ਵਿੱਚ ਸਪੋਰਟਸ ਵਿੱਚ ਸ਼ਾਨਦਾਰ ਯੋਗਦਾਨ ਦਿੱਤਾ ਹੈ – ਤਾਂ ਉਸਨੂੰ 2023 ਲਈ ਨਾਮਾਂਕਿਤ ਕਰੋ।”

- *ਡਗ ਵ੍ਹਿਲੈਨਸ (Doug Whillans), ਸਿਟੀ ਕਾਉਂਸਲਰ, ਵਾਰਡਸ 2 ਅਤੇ 6; ਮੈਂਬਰ, ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ ਕਮੇਟੀ, ਸਿਟੀ ਆਫ ਬ੍ਰੈਂਪਟਨ*

“**ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ**, ਸਾਡੀ ਕਮਿਊਨਿਟੀ ਵਿੱਚ ਸਪੋਰਟਸ ਅਤੇ ਉਹਨਾਂ ਸ਼ਾਨਦਾਰ ਵਿਅਕਤੀਆਂ ਦਾ ਜਸ਼ਨ ਮਨਾਉਂਦਾ ਹੈ, ਜੋ ਬ੍ਰੈਂਪਟਨ ਵਿੱਚ ਐਥਲੈਟਿਕਸ ਨੂੰ ਅੱਗੇ ਵਧਾਉਂਦੇ ਹਨ। ਮਈ ਵਿੱਚ ਇੰਡਕਸ਼ਨ ਸਮਾਰੋਹ ਲਈ ਸਾਡੇ ਨਾਲ ਜੁੜੋ ਅਤੇ 2023 ਲਈ ਕਿਸੇ ਨੂੰ ਨਾਮਾਂਕਿਤ ਕਰੋ।”

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca